27 ਸਤੰਬਰ, 2018

## ਸਿਟੀ ਆਫ ਬ੍ਰੈਂਪਟਨ ਵਿੱਚ ਥੈਂਕਸਗਿਵਿੰਗ 2018

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਸਿਟੀ ਹਾਲ (Brampton City Hall) ਸੋਮਵਾਰ, 8 ਅਕਤੂਬਰ ਨੂੰ ਥੈਂਕਸਗਿਵਿੰਗ (Thanksgiving) ਦੇ ਮੌਕੇ 'ਤੇ ਬੰਦ ਰਹੇਗਾ। ਕਈ ਸਿਟੀ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟਾਏ ਗਏ ਸੇਵਾ ਪੱਧਰਾਂ ਦੇ ਹੇਠ ਕੰਮ ਕਰਨਗੀਆਂ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ 'ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ ਜਾਂ ਪਰਮਿਟ ਲਈ ਦਰਖਾਸਤ ਨਹੀਂ ਦੇ ਸਕਣਗੇ। ਔਨਲਾਈਨ ਵਿਕਲਪਾਂ ਲਈ, ਕਿਰਪਾ ਕਰਕੇ www.brampton.ca 'ਤੇ ਜਾਓ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਹਨਾਂ ਵਿੱਚ ਸ਼ਾਮਲ ਹਨ: ਫਾਇਰ ਐਂਡ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)। ਸਿਟੀ ਆਫ ਬ੍ਰੈਂਪਟਨ (City of Brampton) ਦੀਆਂ ਸੇਵਾਵਾਂ ਵਿੱਚ ਸਾਰੀਆਂ ਤਬਦੀਲੀਆਂ ਅਤੇ ਬੰਦ ਹੋਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

**ਟ੍ਰਾਂਜ਼ਿਟ ਸੇਵਾਵਾਂ**

ਥੈਂਕਸਗਿਵਿੰਗ ਵੀਕੈਂਡ ਲਈ ਬ੍ਰੈਂਪਟਨ ਟ੍ਰਾਂਜ਼ਿਟ ਦਾ ਕਾਰਜਕਰਮ ਇਸ ਤਰ੍ਹਾਂ ਹੋਵੇਗਾ:

- ਸ਼ੁੱਕਰਵਾਰ, 5 ਅਕਤੂਬਰ: ਨਿਯਮਿਤ ਹਫਤੇ ਦੇ ਕਾਰਜ ਦਿਨ ਵਾਲੀ ਸੇਵਾ
- ਸ਼ਨੀਵਾਰ, 6 ਅਕਤੂਬਰ: ਨਿਯਮਿਤ ਸ਼ਨੀਵਾਰ ਵਾਲੀ ਸੇਵਾ
- ਐਤਵਾਰ, 7 ਅਕਤੂਬਰ: ਐਤਵਾਰ/ਛੁੱਟੀ ਵਾਲੀ ਸੇਵਾ
- ਸੋਮਵਾਰ, 8 ਅਕਤੂਬਰ: ਐਤਵਾਰ/ਛੁੱਟੀ ਵਾਲੀ ਸੇਵਾ

ਟ੍ਰਾਂਜ਼ਿਟ ਸਟੋਰ ਸੋਮਵਾਰ, 8 ਅਕਤੂਬਰ ਨੂੰ ਬੰਦ ਰਹਿਣਗੇ।

ਰੂਟਾਂ ਅਤੇ ਕਾਰਜਕਰਮ ਬਾਰੇ ਜਾਣਕਾਰੀ ਲਈ, 905.874.2999 'ਤੇ ਕਾਲ ਕਰੋ ਜਾਂ www.bramptontransit.com 'ਤੇ ਜਾਓ ਅਤੇ ਅਸਲ ਸਮੇਂ ਵਿੱਚ ਅਗਲੀ ਬਸ ਬਾਰੇ ਜਾਣਕਾਰੀ ਲਈ Next Ride (ਨੈਕਸਟ ਰਾਈਡ) ਦੀ ਵਰਤੋਂ ਕਰੋ। ਕਿਸੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਦੇ ਰਾਹੀਂ nextride.brampton.ca 'ਤੇ ਅਗਲੀ ਬੱਸ ਬਾਰੇ ਜਾਣਕਾਰੀ ਦੇਖੋ।

**ਮਿਊਨਿਸਿਪਲ ਚੋਣਾਂ ਵਿੱਚ ਐਡਵਾਂਸ ਵੋਟਿੰਗ (Municipal Election Advance Voting)**

ਸ਼ਨੀਵਾਰ, 6 ਅਕਤੂਬਰ ਨੂੰ ਐਡਵਾਂਸ ਵੋਟਿੰਗ ਇਹਨਾਂ ਸਥਾਨਾਂ ਵਿਖੇ ਹੋਵੇਗੀ:

- ਬ੍ਰੈਂਪਟਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ
  (Brampton City Hall, 2 Wellington St W)
- ਬ੍ਰੈਂਪਟਨ ਸੌਕਰ ਸੈਂਟਰ, 1495 ਸੈਂਡਲਵੁਡ ਪਾਰਕਵੇ ਈਸਟ
  (Brampton Soccer Centre, 1495 Sandalwood Pkwy E)
- ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ, 1050 ਸੈਂਡਲਵੁਡ ਪਾਰਕਵੇ ਵੈਸਟ
  (Cassie Campbell Community Centre, 1050 Sandalwood Pkwy W)
- ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ, 340 ਵੋਡਨ ਸਟ੍ਰੀਟ ਈਸਟ
  (Century Gardens Recreation Centre, 340 Vodden St E)
- ਡੇਵਿਡ ਸੁਜ਼ੁਕੀ ਸੈਕੰਡਰੀ ਸਕੂਲ, 45 ਡੇਵਿਸੇਲਮ ਡ੍ਰਾਈਵ

(David Suzuki Secondary School, 45 Daviselm Dr)
- ਅਰਨਸਕਲਿਫ ਰੇਕ੍ਰੀਏਸ਼ਨ ਸੈਂਟਰ, 44 ਈਸਟਬੋਰਨ ਡ੍ਰਾਈਵ
  (Earnscliffe Recreation Centre, 44 Eastbourne Dr)
- ਗੋਰ ਮੇਡੋਜ ਕਮਿਉਨਿਟੀ ਸੈਂਟਰ, 10150 ਦ ਗੋਰ ਰੋਡ
  (Gore Meadows Community Centre, 10150 The Gore Rd)
- ਗ੍ਰੀਨਬ੍ਰਿਅਰ ਰੇਕ੍ਰੀਏਸ਼ਨ ਸੈਂਟਰ, 1100 ਸੈਂਟਰਲ ਪਾਰਕ ਡ੍ਰਾਈਵ
  (Greenbriar Recreation Centre, 1100 Central Park Dr)
- ਜਿਮ ਆਰਚਡੈਕਿਨ ਰੇਕ੍ਰੀਏਸ਼ਨ ਸੈਂਟਰ, 292 ਕੋਨੇਸਟੋਗਾ ਡ੍ਰਾਈਵ
  (Jim Archdekin Recreation Centre, 292 Conestoga Dr)
- ਸਾਊਥ ਫਲੈਚਰਸ ਸਪੋਰਟਸਪਲੈਕਸ, 500 ਰੇ ਲੋਸਨ ਬੁਲੇਵਾਰਡ
  (South Fletcher's Sportsplex, 500 Ray Lawson Blvd)

**ਰੇਕ੍ਰੀਏਸ਼ਨ ਫੈਸਿਲਿਟੀਜ**

ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ (ਕੇਂਦਰ) ਥੈਂਕਸਗਿਵਿੰਗ ਵੀਕੈਂਡ ਦੌਰਾਨ ਖੁੱਲ੍ਹੀਆਂ ਹਨ। ਪ੍ਰੋਗਰਾਮ ਦੇ ਕਾਰਜਕਰਮ ਦੀ ਪੁਸ਼ਟੀ ਕਰਨ ਲਈ, ਕਿਰਪਾ ਕਰਕੇ ਆਪਣੇ ਸਥਾਨਕ ਰੇਕ੍ਰੀਏਸ਼ਨ ਕੇਂਦਰ ਨੂੰ ਫੋਨ ਕਰੋ, 311 'ਤੇ ਕਾਲ ਕਰੋ ਜਾਂ ਪ੍ਰੋਗਰਾਮ ਦੇ ਸਮੇਂ ਦੀ ਪੁਸ਼ਟੀ ਕਰਨ ਲਈ online (ਔਨਲਾਈਨ) ਜਾਓ।

(ਹੋਰ)

**ਪਟਾਕਿਆਂ ਤੋਂ ਸੁਰੱਖਿਆ**

ਥੈਂਕਸਗਿਵਿੰਗ ਵਾਲੇ ਦਿਨ ਸਿਟੀ ਆਫ ਬ੍ਰੈਂਪਟਨ ਦੁਆਰਾ ਆਯੋਜਿਤ ਪਟਾਕਿਆਂ ਦਾ ਕੋਈ ਪ੍ਰੋਗਰਾਮ ਨਹੀਂ ਹੈ। ਥੈਂਕਸਗਿਵਿੰਗ ਸਾਲ ਦੇ ਦੌਰਾਨ ਉਹਨਾਂ ਚਾਰ ਦਿਨਾਂ ਵਿੱਚੋਂ ਨਹੀਂ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਵਿੱਚ ਨਿੱਜੀ, ਛੋਟੀ-ਰੇਂਜ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ।
ਸਿਟੀ ਆਫ ਬ੍ਰੈਂਪਟਨ ਵਿੱਚ ਪਟਾਕੇ ਚਲਾਉਣ ਬਾਰੇ ਹੋਰ ਜਾਣਕਾਰੀ ਲਈ, 311 'ਤੇ ਕਾਲ ਕਰੋ ਜਾਂ www.brampton.ca/bylaws 'ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਵਿੱਚ ਸਾਰੀਆਂ ਲਾਇਬ੍ਰੇਰੀ ਬ੍ਰਾਂਚਾਂ (ਸਿਵਿਕ ਸੈਂਟਰ (Civic Centre) ਵਿੱਚ ਚਿੰਗਕੂਜ਼ੀ ਬ੍ਰਾਂਚ (Chinguacousy Branch), ਸਿਰਿਲ ਕਲਾਰਕ (Cyril Clark), ਫੋਰ ਕੋਰਨਰਸ (Four Corners), ਗੋਰ ਮੇਡੋਜ (Gore Meadows), ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village), ਅਤੇ ਸਾਊਥ ਫਲੈਚਰਸ (South Fletcher's)) ਸੋਮਵਾਰ, 8 ਅਕਤੂਬਰ ਨੂੰ ਥੈਂਕਸਗਿਵਿੰਗ (Thanksgiving) ਦੇ ਮੌਕੇ 'ਤੇ ਬੰਦ ਰਹਿਣਗੀਆਂ। ਹੋਰ ਜਾਣਕਾਰੀ ਲਈ, 905.793.4636 ਜਾਂ 311 'ਤੇ ਕਾਲ ਕਰੋ, ਜਾਂ www.bramptonlibrary.ca 'ਤੇ ਜਾਓ।

-30-

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca